# ‘ਸਬਦੁ’
## ਭਾਗ-6

ਹਨੇਰੇ ਦੀ ਕੋਈ ਹਸਤੀ ਨਹੀਂ ਹੈ।

ਸੂਰਜ ਦੀ ਅਣਹੋਂਦ ਵਿਚ ਹੀ ਹਨੇਰਾ ਹੁੰਦਾ ਹੈ। ਹਨੇਰੇ ਵਿਚ ਅਨੇਕਾਂ —

ਤਕਲੀਫ਼ਾਂ
ਠੋਕਰਾਂ
ਭੁਲੇਖੇ
ਦੁਖ-ਕਲੇਸ਼

ਆਦਿ ਹੁੰਦੇ ਹਨ। ਇਸ ਤੋਂ ਇਲਾਵਾ ਹਨੇਰੇ ਵਿਚ —

ਮੱਛਰ
ਕੀੜੇ
ਠੂੰਹੇ
ਸੱਪ

ਆਦਿ, ਅਨੇਕਾਂ ਹਾਨੀਕਾਰਕ ਜੀਵ-ਜੰਤੂ ਪਲਦੇ ਹਨ। ਉਹ ਆਪਣਾ ਦਾਉ ਲਾ ਕੇ ਮਨੁੱਖ ਨੂੰ ਡੰਗ ਮਾਰਦੇ ਹਨ। ਇਹ ਸਭ ਦੁਖ-ਕਲੇਸ਼ ਇਸ ਲਈ ਹਨ ਕਿਉਂਕਿ ਮਨੁੱਖ ਨੂੰ ਹਨੇਰੇ ਵਿਚ ਨਜ਼ਰ ਨਹੀਂ ਆਉਂਦਾ।

ਮਨੁੱਖ ਚਾਨਣ ਵਿਚ ਠੋਕਰਾਂ, ਭੁਲੇਖਿਆਂ, ਡੰਗ ਆਦਿ ਤੋਂ ਬਚ ਸਕਦਾ ਹੈ। ਪ੍ਰਕਾਸ਼ ਦੀ ਹੋਂਦ ਵਿਚ, ਜੇ ਕੋਈ ਜੀਵ-ਜੰਤੂ ਅਚਨਚੇਤ ਹਮਲਾ ਕਰੇ ਤਾਂ ਉਸ ਦਾ ਮੁਕਾਬਲਾ ਭੀ ਕਰ ਸਕਦਾ ਹੈ।

ਐਨ ਏਸੇ ਤਰ੍ਹਾਂ, ‘ਪ੍ਰਕਾਸ਼ ਰੂਪੀ’ ‘ਤੱਤ-ਸਬਦੁ’ ਤੋਂ ਬਿਨਾਂ ਯਾ ਮਾਇਕੀ ਭਰਮ ਦੇ ਹਨੇਰ ਵਿਚ, ਸਾਡੇ ਮਨ, ਤਨ, ਬੁੱਧੀ ਉਤੇ ਅਗਿਆਨਤਾ-ਰੂਪੀ ਸੂਖਮ ‘ਘੁੱਪ-ਹਨੇਰਾ’ ਛਾਇਆ ਰਹਿੰਦਾ ਹੈ, ਜੋ ਕਿ ਉਪਰ ਦਸੇ ਸਥੂਲ-ਹਨੇਰੇ ਤੋਂ ਕਈ ਗੁਣਾਂ ਜ਼ਿਆਦਾ ਮਨੁੱਖ ਨੂੰ ਭਟਕਾਉਂਦਾ ਹੈ ਅਤੇ ਹਾਨੀਕਾਰਕ ਹੈ। ਇਸ ‘ਅਗਿਆਨਤਾ-ਰੂਪੀ’ ਸੂਖਮ ‘ਅੰਧ-ਗੁਬਾਰ’ ਤੋਂ ਹੀ ਅਨੇਕਾਂ ਭੁਲੇਖੇ ਤੇ ਮਾਇਕੀ ਭਰਮ ਪੈਦਾ ਹੁੰਦੇ ਹਨ।

ਦੂਜੇ ਲਫ਼ਜ਼ਾਂ ਵਿਚ, 'ਤੱਤ-ਸਬਦੁ' ਦੇ ਅੰਤ੍-ਆਤਮੇ ਪ੍ਰਕਾਸ਼ ਤੋਂ ਬਗੈਰ ਸਾਡਾ ਮਨ ਭਰਮ, ਦੁਬਿਧਾ, ਸਹਸਾ ਜਾਂ 'ਦੂਜੇ-ਭਾਉ' ਰੂਪੀ 'ਹਨੇਰ' ਵਿਚ ਭਟਕਦਾ ਰਹਿੰਦਾ ਹੈ ਤੇ ਮਾਨਸਿਕ ਬਿਰਤੀਆਂ ਖਿੰਡੀਆਂ ਰਹਿੰਦੀਆਂ ਹਨ।

"ਬਿਨੁ ਸਬਦੈ ਭਰਮਾਈਐ ਦੁਬਿਧਾ ਡੋਬੇ ਪੂਰੁ॥ (ਪੰਨਾ-19)

ਵਿਚਾਰਨ ਵਾਲੀ ਗੱਲ ਇਹ ਹੈ, ਕਿ ਅਸੀਂ ਇਤਨੇ ਪਾਠ, ਕੀਰਤਨ ਕਰਦਿਆਂ ਹੋਇਆਂ ਵੀ 'ਸਬਦ' ਦੀ ਆਤਮਿਕ ਰੌਸ਼ਨੀ ਤੋਂ ਵਾਂਝੇ ਹਾਂ। ਦੂਜੇ ਲਫ਼ਜ਼ਾਂ ਵਿਚ, ਇਹ ਸਭ ਕੁਝ ਕਰਦਿਆਂ ਵੀ, ਸਾਡਾ ਰੋਜ਼ਾਨਾ-ਜੀਵਨ, ਗੁਰਬਾਣੀ ਦੇ ਆਸ਼ੇ ਤੋਂ ਐਨ ਉਲਟ ਹੈ ਅਤੇ ਅਸੀਂ ਰੋਜ਼ ਵਿਕਾਰਾਂ ਦੀਆਂ ਠੋਕਰਾਂ ਖਾਂਦੇ ਹੋਏ ਦੁਖੀ ਹੋ ਰਹੇ ਹਾਂ।

ਗੁਰਬਾਣੀ ਵਿਚ 'ਬਿਨ ਸਬਦੇ'.......॥' ਅਤੇ 'ਸਬਦ-ਸੁਰਤਿ ਬਿਨ' ਵਾਲੀਆਂ ਅਨੇਕਾਂ ਪੰਗਤੀਆਂ ਪੜ੍ਹਨ, ਸੁਣਨ, ਗਾਉਣ ਅਤੇ ਵਿਚਾਰ ਕਰਨ ਦੇ ਬਾਵਜੂਦ ਵੀ ਸਾਨੂੰ 'ਸਬਦੁ' ਵਰਗੇ ਮਹੱਤਵ-ਪੂਰਨ ਤੇ ਜ਼ਰੂਰੀ ਵਿਸ਼ੇ ਦੀ ਬਾਬਤ ਬੜੇ ਭੁਲੇਖੇ ਅਤੇ ਗ਼ਲਤ ਫ਼ਹਿਮੀਆਂ ਹਨ, ਜਿਸ ਕਾਰਣ ਅਸੀਂ ਅਗਿਆਨਤਾ ਦੇ ਅੰਧਕਾਰ ਵਿਚ ਭਟਕਦੇ ਫਿਰਦੇ ਹਾਂ। ਇਸੇ ਲਈ ਇਹਨਾਂ ਪੰਗਤੀਆਂ ਅਥਵਾ ਹੋਰ ਅਨੇਕਾਂ ਪੰਗਤੀਆਂ ਦੀ 'ਅੰਤ੍ਰੀਵ ਭਾਵਨਾ' ਤੇ ਅਹਿਮੀਅਤ ਤੋਂ ਅਸੀਂ ਅਣਜਾਣ, ਬੇਪ੍ਰਵਾਹ, ਬੇਫ਼ਿਕਰ, ਅਗਿਆਨੀ ਯਾ ਮਚਲੇ ਹੋਏ ਹਾਂ। ਇਸ ਦਾ ਕਾਰਣ ਇਹ ਹੈ ਕਿ ਅਸੀਂ 'ਸਬਦ' ਨੂੰ ਸਿਰਫ 'ਅੱਖਰੀ-ਸਰੂਪ' ਤਾਈਂ ਸੀਮਤ ਕੀਤਾ ਹੋਇਆ ਹੈ ਅਤੇ ਇਸੇ ਲਈ ਗੁਰਬਾਣੀ ਦੇ ਅੱਖਰਾਂ ਦਾ ਪਾਠ, ਕਥਾ ਅਤੇ ਕੀਰਤਨ ਕਰਨ ਵਿਚ ਹੀ ਸੰਤੁਸ਼ਟ ਹਾਂ।

"ਸਬਦੁ ਗੁਰ ਪੀਰਾ ਗਹਿਰ ਗੰਭੀਰਾ ਬਿਨੁ ਸਬਦੈ ਜਗੁ ਬਉਰਾਨੰ॥" (ਪੰ.-635)

ਅਨੁਸਾਰ, ਨੁਕਤੇ ਵਾਲੀ ਗੱਲ ਤਾਂ 'ਸਬਦ' ਦੇ ਅੰਤ੍ਰੀਵ ਅਨੁਭਵੀ ਆਤਮਿਕ ਗਿਆਨ ਯਾ 'ਪ੍ਰਕਾਸ਼' ਦੀ ਹੈ, ਜਿਸ ਦੀ ਬਾਬਤ ਸਾਨੂੰ ਕਦੇ —

ਖ਼ਿਆਲ ਹੀ ਨਹੀਂ ਆਇਆ,
ਲੋੜ ਹੀ ਨਹੀਂ ਭਾਸੀ।

ਇਹੀ ਵਜ੍ਹਾ ਹੈ ਕਿ ਗੁਰਬਾਣੀ ਦੇ ਇਤਨੇ ਪਾਠ, ਕੀਰਤਨ ਕਰਦਿਆਂ ਹੋਇਆਂ ਭੀ ਸਾਡੇ ਮਾਨਸਿਕ ਅਤੇ ਆਤਮਿਕ ਜੀਵਨ ਵਿਚ ਕੋਈ ਤਬਦੀਲੀ ਨਹੀਂ ਆ ਰਹੀ।

ਜੇਕਰ ਸਹੀ ਮਾਅਨਿਆਂ ਵਿਚ ਗੁਰਬਾਣੀ ਅਥਵਾ 'ਸਬਦ' ਦੀ ਅਨੁਭਵੀ ਵਿਚਾਰ ਕਰਕੇ 'ਸਬਦ-ਸੁਰਤ' ਦੀ ਕਮਾਈ ਕੀਤੀ ਜਾਵੇ ਤਾਂ ਆਤਮਿਕ ਜੀਵਨ ਵਿਚ ਅਵੱਸ਼ ਤਰੱਕੀ ਹੁੰਦੀ ਹੈ, ਪਰ ਐਸੇ ਜਨ ਵਿਰਲੇ ਹੀ ਹੁੰਦੇ ਹਨ।

"ਐਸੇ ਜਨ ਵਿਰਲੇ ਸੰਸਾਰੇ॥ ਗੁਰ ਸਬਦੁ ਵੀਚਾਰਹਿ ਰਹਹਿ ਨਿਰਾਰੇ॥" (ਪੰ.-1039)

ਇਸ ਨੁਕਤੇ ਨੂੰ ਸਮਝਣ ਲਈ ਹੇਠਲੀ ਮਿਸਾਲ ਦਿਤੀ ਜਾਂਦੀ ਹੈ।

'ਸਬਦੁ', ਲੈਂਪ (lamp) ਦੀ ਜਗ ਰਹੀ ਲਾਟ (flame) ਵਾਂਗ ਹੈ, ਜਿਸ ਦੇ ਆਲੇ ਦੁਆਲੇ ਮਨ-ਰੂਪੀ ਸ਼ੀਸ਼ੇ ਦੀ ਚਿਮਨੀ (chimney) ਵਿਕਾਰਾਂ ਦੀ ਕਾਲਖ ਨਾਲ ਲਥ-ਪਥ ਹੋਈ ਪਈ ਹੈ। 'ਸਬਦੁ' ਤਾਂ ਆਪਣਾ ਪ੍ਰਕਾਸ਼ ਸਦਾ ਹੀ ਦਿੰਦਾ ਰਹਿੰਦਾ ਹੈ, ਪਰ ਕਾਲਖ ਕਰਕੇ, ਮਨੁੱਖ 'ਸਬਦੁ' ਦੇ 'ਪ੍ਰਕਾਸ਼' ਤੋਂ ਵਾਂਝਾ ਰਹਿੰਦਾ ਹੈ। ਲੋੜ ਸਿਰਫ਼, ਸ਼ਰਧਾ ਭਾਵਨੀ ਦੇ 'ਸਾਫ਼-ਕਪੜੇ' ਨਾਲ, 'ਮਨ' ਰੂਪੀ 'ਚਿਮਨੀ' (chimney) ਦੀ ਅੰਦਰੂਨੀ ਕਾਲਖ ਨੂੰ ਦੂਰ ਕਰਨ ਦੀ ਹੈ। ਵੇਖਣ ਵਿਚ ਆਇਆ ਹੈ, ਕਿ ਬਹੁਤ ਸਾਰੇ ਜਗਿਆਸੂ, ਕੇਵਲ ਮਨ-ਰੂਪੀ, ਚਿਮਨੀ ਨੂੰ ਬਾਹਰੋਂ-ਬਾਹਰੋਂ ਬੇ-ਧਿਆਨੇ ਪਾਠ-ਪੂਜਾ ਨਾਲ ਤਾਂ ਰੋਜ਼ ਸਾਫ਼ ਕਰਦੇ ਹਨ, ਪਰ 'ਕਾਲਖ' ਅੰਦਰ ਹੋਣ ਕਰਕੇ, 'ਚਿਮਨੀ' ਸਾਫ਼ ਨਹੀਂ ਹੁੰਦੀ, ਅਤੇ ਨਾ ਹੀ 'ਸਬਦੁ' ਦਾ 'ਪ੍ਰਕਾਸ਼' ਅਨੁਭਵ ਹੁੰਦਾ ਹੈ।

ਤਾਂ ਤੇ ਸਪਸ਼ਟ ਹੋਇਆ, ਕਿ 'ਸਾਵਧਾਨ ਇਕਾਗਰ-ਚੀਤ' ਅਤੇ ਸ਼ਰਧਾ ਭਾਵਨੀ ਨਾਲ 'ਸਬਦ' ਦੀ ਕਮਾਈ ਕਰਨ ਨਾਲ ਹੀ 'ਸਬਦੁ' ਦਾ 'ਪ੍ਰਕਾਸ਼' ਅਨੁਭਵ ਹੁੰਦਾ ਹੈ। ਪਰ ਜੋ 'ਸਬਦੁ' ਨੂੰ ਬੁਝਦੇ, ਚੀਨਦੇ ਜਾਂ ਮੰਨਦੇ ਨਹੀਂ, ਗੁਰਬਾਣੀ ਉਹਨਾਂ ਬਾਰੇ ਇਉਂ ਕਟਾਖ ਕਰਦੀ ਹੈ —

"ਸਬਦੁ ਨ ਜਾਣਹਿ ਸੇ ਅੰਨੇ ਬੋਲੇ ਸੇ ਕਿਤੁ ਆਏ ਸੰਸਾਰਾ॥" (ਪੰਨਾ-601)

"ਕਰਮ ਕਰਹਿ ਗੁਰ ਸਬਦੁ ਨ ਪਛਾਣਹਿ<br>ਮਰਿ ਜਨਮਹਿ ਵਾਰੋ ਵਾਰਾ॥" (ਪੰਨਾ-602)

"ਨ ਸਬਦੁ ਬੂਝੈ ਨ ਜਾਣੈ ਬਾਣੀ॥ ਮਨਮੁਖਿ ਅੰਧੇ ਦੁਖਿ ਵਿਹਾਣੀ॥" (ਪੰਨਾ-665)

"ਮੂਰਖੁ ਸਬਦੁ ਨ ਚੀਨਈ ਸੂਝ ਬੂਝ ਨਹ ਕਾਇ॥" (ਪੰਨਾ-938)

ਜਿਵੇਂ ਕਿ ਪਹਿਲਾਂ ਦਸਿਆ ਜਾ ਚੁਕਾ ਹੈ ਕਿ ਸਬਦੁ ਦੀ 'ਵੀਚਾਰ' ਅਥਵਾ 'ਕਮਾਈ' ਤੋਂ ਬਗੈਰ ਸਾਡੀ ਮਨ-ਰੂਪੀ 'ਚਿਮਨੀ' ਸਾਫ਼ ਨਹੀਂ ਹੋ ਸਕਦੀ ਅਤੇ ਇਸੇ ਤਰ੍ਹਾਂ ਅਸੀਂ ਸਬਦੁ ਦੇ 'ਪ੍ਰਕਾਸ਼' ਤੋਂ ਵਾਂਝੇ ਰਹਿੰਦੇ ਹਾਂ। ਤਾਂਤੇ ਆਪਣੇ ਹਿਰਦੇ ਅੰਦਰ ਇਮਾਨਦਾਰੀ ਨਾਲ ਆਪਣੇ-ਆਪ ਨੂੰ ਪਰਖਣਾ ਤੇ ਘੋਖਣਾ ਹੈ, ਕਿ —

1. ਉਚੇ-ਸੁਚੇ

ਜਿਉਂਦੇ-ਜਾਗਦੇ<br>ਰਸ-ਮਈ<br>ਰੁਣ-ਝੁਣ ਲਾਉਂਦੇ<br>'ਅਨਹਦ'

'ਤੱਤ-ਸਬਦ'

ਦੀ 'ਹੋਂਦ' ਨੂੰ ਅਸੀਂ —

ਵਿਚਾਰਿਆ
ਬੁਝਿਆ
ਪਹਿਚਾਨਿਆ
ਅਨੁਭਵ ਕੀਤਾ
ਮਾਣਿਆ

ਕਮਾਇਆ ਹੈ ਕਿ ਨਹੀਂ ?

2. ਕਿਸੇ ਅਕਹਿ 'ਪ੍ਰੀਤ-ਪ੍ਰੇਮ-ਰਸ-ਚਾਉ', ਸੁਖ ਸ਼ਾਂਤੀ ਵਾਲਾ ਜੀਵਨ ਬਤੀਤ ਕਰਦੇ ਹਾਂ ਯਾ ਨਹੀਂ ?

3. ਇਹ 'ਜਾਗਤ-ਜੋਤ' ਸਾਡੇ ਅੰਦਰ 'ਨਿਸਬਾਸਰ' ਜਗਦੀ ਹੈ ਕਿ ਨਹੀਂ ?

4. 'ਅਨਹਦ ਸਬਦ' ਸਾਡੇ ਅੰਦਰ 'ਗੱਜਿਆ' ਹੈ ਕਿ ਨਹੀਂ ?

5. 'ਨਾਮ-ਰਸ' ਦੀ 'ਧੂਹ' ਪੈਂਦੀ ਹੈ ਕਿ ਨਹੀਂ ?

ਜੇ ਨਹੀਂ ! ਤਾਂ ਸਮਝੋ, ਕਿ ਗੁਰਬਾਣੀ ਵਿਚ ਛੁਪੇ ਹੋਏ 'ਅਨੁਭਵੀ-ਤਤ-ਸਬਦੁ' ਅਥਵਾ 'ਨਾਮ' ਨੂੰ ਅਜੇ ਤਾਈਂ ਅਸੀਂ —

ਵਿਚਾਰਿਆ ਹੀ ਨਹੀਂ।
ਕਮਾਇਆ ਹੀ ਨਹੀਂ।
ਮਾਣਿਆ ਹੀ ਨਹੀਂ।

ਇਹਨਾਂ ਸਾਰੇ ਕਟਾਖ-ਮਈ ਸਵਾਲਾਂ ਦਾ ਜਵਾਬ, ਅਸੀਂ ਆਪਣੇ ਅੰਦਰ, ਆਪ ਹੀ ਪ੍ਰਤੀਤ ਕਰਨਾ ਹੈ, ਤੇ ਅਗਲੇਰੀ ਆਤਮਿਕ ਜੀਵਨ-ਸੇਧ ਦੀ ਚੋਣ ਕਰਨੀ ਹੈ।

ਜੇਕਰ ਅਸੀਂ ਗਹੁ ਨਾਲ ਆਪਣੇ ਅੰਦਰ ਝਾਤੀ ਮਾਰੀਏ ਤਾਂ ਪ੍ਰਤੱਖ ਤੌਰ ਤੇ ਇਹ ਪ੍ਰਗਟ ਹੋਵੇਗਾ ਕਿ ਉਚੀ-ਸੁਚੀ 'ਸਬਦ-ਸੁਰਤ-ਲਿਵਲੀਨ' ਵਾਲੀ ਗੁਰਮਤਿ ਅਵਸਥਾ ਦੀ ਬਾਬਤ ਸਾਨੂੰ —

1. ਦ੍ਰਿੜ੍ਹ ਵਿਸ਼ਵਾਸ ਹੀ ਨਹੀਂ ਆਇਆ।

2. ਲੋੜ, ਪਿਆਸ ਯਾ ਭੁਖ ਹੀ ਨਹੀਂ ਜਾਪੀ।

3. 'ਅਨੁਭਵ' ਹੀ ਨਹੀਂ ਕੀਤਾ।

ਗੁਰਬਾਣੀ ਦੀ ਅਨੁਭਵੀ ਕਸਵੱਟੀ ਉਤੇ ਸਾਡੇ ਧਾਰਮਿਕ ਜੀਵਨ ਨੂੰ ਪਰਖਿਆ ਜਾਏ ਤਾਂ ਹੇਠ ਲਿਖੇ ਮਾਨਸਿਕ ਅਤੇ ਧਾਰਮਿਕ ਰੋਗਾਂ ਦੇ ਚਿੰਨ (symptoms) ਪ੍ਰਤੱਖ

ਪ੍ਰਤੀਤ ਹੋਣਗੇ।

1. ਅਸੀਂ 'ਅੱਖਰੀ-ਰੂਪ' ਸਬਦ ਨੂੰ ਹੀ 'ਤੱਤ-ਸਬਦੁ' ਸਮਝੀ ਬੈਠੇ ਹਾਂ !

2. ਏਸ 'ਅੱਖਰੀ-ਰੂਪ' ਸਬਦ ਦੇ ਪਾਠ, ਪੂਜਾ, ਗਾਇਨ ਤੇ ਕਥਾ-ਵਾਰਤਾ ਨੂੰ ਹੀ ਧਰਮ ਦੀ ਮੰਜ਼ਿਲ ਮੰਨੀ ਬੈਠੇ ਹਾਂ।

3. ਗੁਰਬਾਣੀ ਨੂੰ ਦਿਮਾਗ਼ ਨਾਲ ਸਮਝ ਕੇ ਸੰਤੁਸ਼ਟ ਹਾਂ ਅਤੇ ਆਪਣੇ ਆਪ ਨੂੰ ਅੰਤ੍ਰੀਵ 'ਅਨੁਭਵੀ' ਆਤਮਿਕ ਭਾਵਾਂ ਤੋਂ ਵਾਂਝੇ ਰਖਦੇ ਹਾਂ।

4. 'ਅੰਤਰਮੁਖੀ-ਇਲਾਹੀ ਜੀਵਨ' ਤੋਂ ਅਣਜਾਣ ਅਤੇ ਬੇਪ੍ਰਵਾਹ ਹੋ ਰਹੇ ਹਾਂ ਯਾ ਜਾਣ ਬੁਝ ਕੇ 'ਮਚਲੇ' ਹੋਏ ਹਾਂ।

5. ਗੁਰਬਾਣੀ ਵਿਚ ਦਰਸਾਈਆਂ ਹੋਈਆਂ ਅਨੁਭਵੀ ਅਵਸਥਾਵਾਂ —

'ਨਾਮ'<br>
'ਸਬਦੁ'<br>
'ਲਿਵ'<br>
ਆਤਮਿਕ ਅਨੰਦ<br>
ਮਹਾਂ ਰਸ<br>
'ਅਨਹਦ-ਧੁਨੀ'

ਤੋਂ 'ਕੋਰੇ' ਹਾਂ।

6. ਅਸੀਂ 'ਸਿਮਰਨ', 'ਸੇਵਾ', 'ਲਿਵ' ਅਤੇ 'ਸਬਦ-ਸੁਰਤਿ' ਦੇ ਅੱਖਰੀ ਅਰਥ ਕਢਕੇ — ਬਾਹਰਮੁਖੀ ਵਾਦ-ਵਿਵਾਦਾਂ, ਵਿਖੇਵਿਆਂ ਵਿਚ ਹੀ ਫਸੇ ਹੋਏ ਹਾਂ, ਤੇ ਅੰਤਰਮੁਖੀ ਹੋਣ ਦਾ ਸਾਨੂੰ ਕਦੀ ਖਿਆਲ ਹੀ ਨਹੀਂ ਆਇਆ ਹੈ ਅਤੇ ਨਾ ਹੀ ਕੋਈ 'ਲੋੜ' ਜਾਪਦੀ ਹੈ।

7. ਇਸ ਤਰ੍ਹਾਂ ਅਸੀਂ ਏਨ੍ਹਾਂ ਬਾਹਰਲਿਆਂ ਕਰਮ-ਕਾਂਡ ਦੇ ਸਾਧਨਾਂ ਨੂੰ ਹੀ 'ਮੰਜ਼ਿਲ' ਮੰਨੀ ਬੈਠੇ ਹਾਂ, ਤੇ ਇਸੇ ਵਿਚ ਹੀ ਸੰਤੁਸ਼ਟ ਹਾਂ।

8. ਇਸ ਝੂਠੀ 'ਤਸੱਲੀ' ਦੀ ਵਜਾਹ ਨਾਲ ਅਸੀਂ 'ਇਲਾਹੀ-ਪ੍ਰਕਾਸ਼' ਦੀਆਂ ਬਰਕਤਾਂ ਤੋਂ ਵਾਂਝੇ ਰਹਿੰਦੇ ਹਾਂ।

ਅਸੀਂ ਐਨੇ 'ਸੁਖ-ਰਹਿਣੀ' ਹੋ ਗਏ ਹਾਂ ਕਿ ਆਪਣੇ ਨਿਤ ਦੇ ਧਾਰਮਿਕ ਕਰਮ-ਕਾਂਡਾਂ (religious rites and rituals) ਤੋਂ ਇਲਾਵਾ, ਹੋਰ ਕਿਸੇ ਕਿਸਮ ਦੀ ਘਾਲਣਾ ਕਰਨ ਨੂੰ ਤਿਆਰ ਨਹੀਂ, ਤੇ ਨਾ ਹੀ ਸਾਡੇ ਕੋਲ ਸਮਾਂ ਹੈ, ਕਿਉਂਕਿ ਅਸੀਂ 'ਮੈਂ-ਮੇਰੀ' ਦੇ ਅਧੀਨ ਫਜ਼ੂਲ ਦੁਨਿਆਵੀ ਰੁਝੇਵੇਂ ਵਧਾਕੇ ਮਾਇਆ ਵਿਚ ਗਲਤਾਨ ਹੋ ਰਹੇ ਹਾਂ।

ਅਸੀਂ ਆਪਣੀ ਤੀਖਣ ਬੁਧੀ ਨਾਲ 'ਸਬਦੁ' ਦੇ ਦਿਮਾਗੀ ਗਿਆਨ ਨੂੰ ਤਾਂ ਸਮਝ ਲੈਂਦੇ ਹਾਂ ਪਰ ਅੰਤਰ-ਆਤਮੇ 'ਅਨੁਭਵ' ਤਾਈਂ ਪਹੁੰਚਣ ਲਈ, ਅੰਤਰਮੁਖੀ ਹੋ ਕੇ, ਅਟੁਟ 'ਨਾਮ-ਸਿਮਰਨ' ਤੇ 'ਸਬਦੁ' ਦੀ ਕਮਾਈ ਕਰਨ ਤੋਂ ਜਾਣ-ਬੁਝ ਕੇ 'ਕੰਨੀ ਕਤਰਾਉਂਦੇ' ਹਾਂ, ਜਾਂ ਮਚਲੇ ਹੋਏ ਰਹਿੰਦੇ ਹਾਂ।

ਪਰ, ਨਾਮ ਦੇ 'ਮਹਾਂ ਰਸ' ਨੂੰ ਮਾਣਨ ਲਈ ਅਤਿਅੰਤ ਮਿਹਨਤ ਅਤੇ ਘਾਲਣਾ ਦੀ ਲੋੜ ਹੈ।

ਕੋਈ 'ਵਿਰਲੇ' ਭਾਗਾਂ ਵਾਲੇ ਗੁਰਮੁਖ ਜਨ, ਜਿਨ੍ਹਾਂ ਨੂੰ 'ਸੱਚੀ-ਸੁਚੀ', 'ਜਿਉਂਦੀ-ਜਾਗਦੀ' 'ਸਬਦ-ਸੁਰਤ' ਵਿਚ ਪਰੋਤੀ ਹੋਈ ਸਤਸੰਗਤ ਪ੍ਰਾਪਤ ਹੋਈ ਹੈ, ਤੇ ਜਿਨ੍ਹਾਂ ਦੇ ਕੋਮਲ ਨਿਰਮਲ ਹਿਰਦਿਆਂ ਨੇ ਗੁਰਬਾਣੀ ਤੇ 'ਸਬਦੁ' ਦੀ 'ਚੋਟ' ਖਾਧੀ ਹੈ — ਉਹ 'ਨਾਮ' ਅਭਿਆਸ ਕਮਾਈ' ਵਿਚ ਲਗਦੇ ਹਨ। ਉਹਨਾਂ ਦੀ 'ਸੁਰਤ' ਹੀ 'ਸਬਦੁ' ਨੂੰ 'ਵੀਚਾਰ-ਚੀਨ-ਸੀਝ-ਪਹਿਚਾਨ' ਕੇ, ਆਪਣੇ ਜੀਵਨ ਦੀ ਅਸਲੀ ਆਤਮਿਕ 'ਸੇਧ' ਲੈ ਕੇ, ਟੀਸੀ ਜਾਂ ਮੰਜ਼ਿਲ ਤੇ ਪਹੁੰਚਦੀ ਹੈ।

ਪਰ ਇਹੋ ਜਿਹੇ ਬਖਸ਼ੇ ਹੋਏ ਗੁਰਮੁਖ ਪਿਆਰੇ ਵਿਰਲੇ ਹੀ ਹੁੰਦੇ ਹਨ —

'ਵਿਰਲੇ ਕਉ ਗੁਰ ਸਬਦੁ ਬੁਝਾਏ॥' (ਪੰਨਾ-1056)

'ਗੁਰ ਕਾ ਸਬਦੁ ਕੋ ਵਿਰਲਾ ਬੂਝੈ॥' (ਪੰਨਾ-120)

'ਐਸੇ ਜਨ ਵਿਰਲੇ ਸੰਸਾਰੇ॥
ਗੁਰ ਸਬਦੁ ਵੀਚਾਰਹਿ ਰਹਹਿ ਨਿਰਾਰੇ॥' (ਪੰਨਾ-1039)

'ਗੁਰਮੁਖਿ ਵਿਰਲਾ ਕੋਈ ਬੂਝੈ ਸਬਦੇ ਰਹਿਆ ਸਮਾਈ॥' (ਪੰਨਾ-1332)

ਇਸ ਤਰ੍ਹਾਂ, 'ਸਬਦੁ' ਦੇ 'ਸੁਣਨ' ਦੀ ਬਾਬਤ ਵੀ ਦਿਮਾਗੀ ਭੁਲੇਖੇ ਪਏ ਹੋਏ ਹਨ।

ਜਿਸ ਤਰ੍ਹਾਂ ਕਿ ਇਸ ਲੇਖ ਦੇ ਆਦਿ ਵਿਚ ਦਸਿਆ ਗਿਆ ਹੈ ਕਿ ਸਾਡੇ ਹਰ ਇਕ ਸੂਖਮ ਖ਼ਿਆਲ ਦਾ ਸੋਮਾ, ਸਾਡਾ 'ਮਨ' ਤੇ 'ਸੀਮਤ-ਬੁਧੀ' ਹੈ। ਜਿਸ ਦਾ ਪ੍ਰਗਟਾਉ ਅਸਥੂਲ ਅੱਖਰਾਂ ਜਾਂ ਬੋਲੀ ਵਿਚ ਕੀਤਾ ਜਾਂਦਾ ਹੈ ਤੇ ਏਨ੍ਹਾਂ ਅਖ਼ਰਾਂ ਵਾਲੇ ਖ਼ਿਆਲਾਂ ਯਾ ਭਾਵਨਾਵਾਂ ਨੂੰ ਸਾਡੀ ਬੁਧੀ ਹੀ ਸਮਝਦੀ ਤੇ ਘੋਖਦੀ ਹੈ। ਪਰ ਗੁਰਬਾਣੀ — 'ਧੁਰੋਂ' 'ਆਤਮਿਕ ਮੰਡਲਾਂ' ਵਿਚੋਂ ਉਪਜੀ ਹੋਣ ਕਰਕੇ — ਸਾਡੀ ਸੀਮਤ ਬੁਧੀ ਦੀ ਸਮਝ ਤੇ ਪਕੜ ਤੋਂ ਪਰੇ ਹੈ। ਇਸ ਇਲਾਹੀ ਗੁਰਬਾਣੀ ਨੂੰ 'ਅਨੁਭਵ' (intuition) ਦੁਆਰਾ ਹੀ 'ਸਮਝਿਆ' — 'ਸੀਝਿਆ' — 'ਜਾਣਿਆ' — 'ਚੀਨਿਆ' — 'ਪਹਿਚਾਨਿਆ' ਯਾ 'ਵਿਚਾਰਿਆ' ਜਾ ਸਕਦਾ ਹੈ।

'ਸਬਦੁ ਚੀਨਿ੍ ਸੁਖੁ ਪਾਇਆ ਸਚੈ ਨਾਇ ਪਿਆਰ॥' (ਪੰਨਾ-1346)

'ਸਤਿਗੁਰੁ ਸੇਵਨਿ ਆਪਣਾ ਗੁਰ ਸਬਦੀ ਵੀਚਾਰਿ॥' (ਪੰਨਾ-1415)

'ਸਬਦੁ ਚੀਨਿ ਤਿਖ ਉਤਰੈ ਮੰਨਿ ਲੈ ਰਜਾਇ॥' (ਪੰਨਾ-1419)

ਜਦ ਤਾਈਂ ਸਾਡੀ ਬਿਰਤੀ-ਸੁਰਤੀ 'ਬਾਹਰਮੁਖੀ' ਹੈ, ਅਸੀਂ ਇਹਨਾਂ ਸਰੀਰਕ 'ਕੰਨਾਂ' ਨਾਲ ਸ਼ਬਦ ਅਥਵਾ ਗੁਰਬਾਣੀ ਸੁਣਨੀ ਹੈ, ਪਰ ਜਦ ਸਬਦੁ-ਸੁਰਤਿ ਦੇ ਮੇਲ ਦੁਆਰਾ ਸਾਡੀ ਬਿਰਤੀ-ਸੁਰਤੀ 'ਅੰਤਰ-ਮੁਖੀ' ਹੋ ਜਾਵੇ, ਤਾਂ ਸਾਡੇ ਅੰਤਰ-ਆਤਮੇ 'ਅਨੁਭਵ' ਵਿਚ ਉਹ ਸਬਦੁ ਦੀ 'ਅਨਹਦ-ਧੁਨੀ' (Divine music) ਸੁਣਾਈ ਦਿੰਦੀ ਹੈ, ਜਿਸ ਨੂੰ ਗੁਰਬਾਣੀ ਵਿਚ—

'ਸਬਦ-ਧੁਨੀ'
'ਅਨਹਦ-ਨਾਦ'
'ਅਨਹਦ-ਝੁਨਕਾਰ'
'ਅਨਹਦ-ਧੁਨੀ
'ਨਾਮ'

ਦਸਿਆ ਗਿਆ ਹੈ। ਜਿਸ ਤਰ੍ਹਾਂ ਕਿ ਹੇਠ ਲਿਖੀਆਂ ਪੰਗਤੀਆਂ ਵਿਚ ਦਰਜ਼ ਹੈ —

"ਦਸਵੈ ਨਿਜ ਘਰਿ ਵਾਸਾ ਪਾਏ॥
ਓਥੈ ਅਨਹਦ ਸਬਦ ਵਜਹਿ ਦਿਨੁ ਰਾਤੀ
ਗੁਰਮਤੀ ਸਬਦੁ ਸੁਣਾਵਣਿਆ॥" (ਪੰਨਾ-124)

"ਪਿਰੁ ਰੀਸਾਲੂ ਤਾ ਮਿਲੈ ਜਾ ਗੁਰ ਕਾ ਸਬਦੁ ਸੁਣੀ॥" (ਪੰਨਾ-17)

"ਝਿਮਿ ਝਿਮਿ ਵਰਸੈ ਅੰਮ੍ਰਿਤ ਧਾਰਾ॥
ਮਨੁ ਪੀਵੈ ਸੁਨਿ ਸਬਦੁ ਬੀਚਾਰਾ॥" (ਪੰਨਾ-102)

"ਸਬਦਿ ਸੁਣੀਐ ਸਬਦਿ ਬੁਝੀਐ ਸਚਿ ਰਹੈ ਲਿਵ ਲਾਇ॥" (ਪੰਨਾ-429)

ਸਾਡੇ ਸਰੀਰਕ 'ਕੰਨ' ਤਾਂ ਸਿਰਫ਼ ਬੋਲੀ ਤੇ 'ਅੱਖਰੀ ਸਬਦ' ਹੀ ਸੁਣ ਸਕਦੇ ਹਨ, ਪਰ ਆਤਮਿਕ 'ਅਨਹਦ ਧੁਨੀ' ਯਾ 'ਅਨਹਦ ਸਬਦ' ਸੁਣਨ ਤੋਂ ਅਸਮਰਥ ਹਨ। ਇਹ ਤਾਂ ਅੰਤਰ-ਆਤਮੇ ਅਨੁਭਵੀ 'ਖੇਲ' ਹੈ, ਜੋ ਕਿ ਅੰਤਰਮੁਖੀ ਸਿਮਰਨ ਦੁਆਰਾ 'ਸਬਦ-ਸੁਰਤ-ਲਿਵਲੀਨ' ਹੋ ਕੇ ਪ੍ਰਾਪਤ ਹੋ ਸਕਦੀ ਹੈ।

ਪਰ ਅਫ਼ਸੋਸ ਦੀ ਗਲ ਹੈ ਕਿ ਅਸੀਂ ਗੁਰਬਾਣੀ ਵਿਚ ਦਰਸਾਏ ਅੰਤਰਮੁਖੀ — ਸਿਮਰਨ ਦੁਆਰਾ 'ਸਬਦ-ਸੁਰਤਿ-ਲਿਵਲੀਨ' ਦੇ ਤਾਕੀਦੀ ਹੁਕਮ ਤੋਂ ਬਿਲਕੁਲ ਬੇਖ਼ਬਰ, ਅਣਜਾਣ, ਅਵੇਸਲੇ, ਲਾਪਰਵਾਹ ਯਾ ਜਾਣ ਬੁਝ ਕੇ ਮਚਲੇ ਹੋਏ ਬੈਠੇ ਹਾਂ, ਅਤੇ ਬਾਹਰਮੁਖੀ, ਮੁਰਦੇ, ਫੋਕੇ, ਰੁਖੇ-ਸੁਖੇ ਸਾਧਨਾਂ ਵਿਚ ਹੀ ਸੰਤੁਸ਼ਟ ਹੋ ਕੇ ਫਸੇ ਹੋਏ ਹਾਂ।

ਜਿਸ ਦਾ ਨਤੀਜਾ ਇਹ ਹੈ ਕਿ ਅਸੀਂ ਗੁਰਬਾਣੀ ਦੀ 'ਆਤਮਿਕ ਰੋਸ਼ਨੀ' ਤੋਂ ਵਾਂਝੇ ਜਾ

ਰਹੇ ਹਾਂ। ਗੁਰਬਾਣੀ ਅਥਵਾ 'ਸਬਦੁ' ਦੇ 'ਜਗ ਚਾਨਣ' ਨੂੰ ਅਸੀਂ ਸੋਹਣੇ ਸੋਹਣੇ ਕੀਮਤੀ ਰੁਮਾਲਿਆਂ ਵਿਚ ਲਪੇਟ ਕੇ ਬੰਦ ਰਖਿਆ ਹੋਇਆ ਹੈ, ਤੇ ਇਸ ਵਿਚਲੇ 'ਆਤਮਿਕ ਗਿਆਨ' ਰੂਪੀ 'ਇਲਾਹੀ-ਚਾਨਣ' ਤੋਂ, ਸਿਰਫ਼ ਆਪਣੇ ਆਪ ਨੂੰ ਹੀ ਨਹੀਂ ਵਾਂਝਿਆਂ ਰਖਿਆ, ਬਲਕਿ ਜਗਤ ਨੂੰ ਭੀ ਏਹੋ ਜਿਹੇ 'ਊਚਮ-ਊਚੇ', 'ਸੂਚਮ-ਸੂਚੇ', ਇਲਾਹੀ ਨਿਰਮਲ 'ਪ੍ਰਕਾਸ਼' ਤੋਂ ਸਖਣੇ ਰਖਿਆ ਹੈ।

ਸਤਿਗੁਰਾਂ ਨੇ ਗੁਰਬਾਣੀ ਵਿਚ ਪ੍ਰਮਾਤਮਾ, ਗੁਰੂ, ਸਬਦੁ, ਨਾਮ, ਸਾਧ-ਸੰਗ, ਆਦਿ ਦੇ ਹਰ ਵਿਸ਼ੇ ਪ੍ਰਤੀ ਦੋਨੋਂ-ਪਖੀ ਵਿਚਾਰ ਬਖਸ਼ੇ ਹਨ। ਇਕ ਪੱਖ ਵਿਚ ਤਾਂ ਸਤਿਗੁਰਾਂ ਨੇ ਪ੍ਰਮਾਤਮਾ, ਗੁਰੂ, ਸਬਦੁ, ਨਾਮੁ, ਸਾਧ-ਸੰਗਤ ਦੇ ਲੜ ਲਗਣ ਲਈ ਪ੍ਰੇਰਨਾ ਕੀਤੀ ਹੈ, ਅਤੇ ਇਨ੍ਹਾਂ ਦੀਆਂ ਬਰਕਤਾਂ ਦਾ ਜ਼ਿਕਰ ਕਰਕੇ ਸ਼ਰਧਾ-ਭਾਵਨਾ ਦਰਸਾਈ ਹੈ। ਦੂਸਰੇ ਪੱਖ ਵਿਚ, ਇਹਨਾਂ ਤੋਂ ਬੇਮੁਖ ਹੋਣ ਕਰਕੇ ਜੋ ਤਕਲੀਫ਼ਾਂ ਤੇ ਦੁਖ ਭੋਗਣੇ ਪੈਂਦੇ ਹਨ, ਉਹਨਾਂ ਦਾ ਵਿਸਥਾਰ-ਸਹਿਤ ਜ਼ਿਕਰ ਕਰਕੇ ਤਾੜਨਾ ਕੀਤੀ ਹੈ। ਇਸ ਤਰ੍ਹਾਂ, ਸਤਿਗੁਰਾਂ ਨੇ 'ਫ਼ਾਇਦੇ' ਤੇ 'ਨੁਕਸਾਨ' ਦ੍ਰਿੜ੍ਹ ਕਰਾ ਕੇ ਜਗਿਆਸੂ ਦੀ ਬਿਬੇਕ-ਬੁਧੀ ਜਗਾਉਣ ਲਈ ਪ੍ਰੇਰਨਾ ਕੀਤੀ ਹੈ ਅਤੇ ਸਹੀ ਆਤਮਿਕ 'ਜੀਵਨ-ਸੇਧ' ਦੀ ਚੋਣ ਆਸਾਨ ਤੇ ਸਪਸ਼ਟ ਕਰ ਦਿਤੀ ਹੈ।

ਸਬਦ ਦੀ ਅਨੁਭਵੀ ਵਿਚਾਰ ਤੋਂ ਬਗੈਰ ਮਨੁੱਖ ਹਮੇਸ਼ਾ ਦੁਖ ਭੋਗਦਾ ਰਹਿੰਦਾ ਹੈ, ਭਾਵੇਂ ਉਹ ਅਨੇਕਾਂ ਕਿਸਮ ਦੇ ਧਾਰਮਿਕ ਕਰਮ-ਕਾਂਡ ਭੀ ਕਰਦਾ ਰਹੇ।

"ਨਾਮ ਸੰਗਿ ਮਨਿ ਪ੍ਰੀਤਿ ਨ ਲਾਵੈ॥
ਕੋਟਿ ਕਰਮ ਕਰਤੋ ਨਰਕਿ ਜਾਵੈ॥" (ਪੰਨਾ-240)

"ਸਬਦੁ ਨ ਚੀਨੈ ਸਦਾ ਦੁਖੁ ਹਰਿ ਦਰਗਹਿ ਪਤਿ ਖੋਇ॥ (ਪੰਨਾ-29)

"ਬਿਨੁ ਸਬਦੈ ਜਗੁ ਦੁਖੀਆ ਫਿਰੈ ਮਨਮੁਖਾ ਨੋ ਗਈ ਖਾਇ॥" (ਪੰਨਾ-67)

"ਬਿਰਥਾ ਜਨਮੁ ਗਵਾਇਆ ਕਪਟੀ ਬਿਨੁ ਸਬਦੈ ਦੁਖੁ ਪਾਵਣਿਆ॥"
(ਪੰ.-123)

"ਸਤਿਗੁਰ ਕੀ ਪਰਤੀਤਿ ਨ ਆਈਆ ਸਬਦਿ ਨ ਲਾਗੋ ਭਾਉ॥
ਓਸ ਨੋ ਸੁਖੁ ਨ ਉਪਜੈ ਭਾਵੈ ਸਉ ਗੇੜਾ ਆਵਉ ਜਾਉ॥" (ਪੰਨਾ-591)

ਸਬਦੁ ਦੀ ਕਮਾਈ ਤੋਂ ਬਗੈਰ, ਜਗਿਆਸੂ ਦੇ ਅਨੇਕਾਂ ਕਰਮ-ਧਰਮ ਥਾਂਇ ਨਹੀਂ ਪੈਂਦੇ ਤੇ ਉਹ ਭਰਮਾਂ ਦੇ ਜੰਗਲ ਵਿਚ ਭਟਕਦਾ ਰਹਿੰਦਾ ਹੈ।

"ਬਿਨੁ ਸਬਦੈ ਭਰਮਾਈਐ ਦੁਬਿਧਾ ਡੋਬੇ ਪੂਰੁ॥" (ਪੰਨਾ-19)

"ਕਰਣੀ ਕਾਰ ਧੁਰਹੁ ਫੁਰਮਾਈ॥
ਬਿਨੁ ਸਬਦੈ ਕੋ ਥਾਇ ਨ ਪਾਈ॥ (ਪੰਨਾ-363)

"ਬਿਨੁ ਗੁਰ ਸਬਦੈ ਮੁਕਤਿ ਨ ਹੋਈ ਪਰਪੰਚੁ ਕਰਿ ਭਰਮਾਈ ਹੇ॥"
(ਪੰਨਾ-1024)

'ਸਬਦ' ਤੋਂ ਬਿਨਾਂ ਆਵਣ ਜਾਣ ਯਾ ਜੰਮਣ ਮਰਣ ਨਹੀਂ ਕਟਿਆ ਜਾ ਸਕਦਾ ਅਤੇ ਜੀਵ ਅਨੇਕਾਂ ਜੂਨਾਂ ਵਿਚ ਭਟਕਦਾ ਰਹਿੰਦਾ ਹੈ —

"ਸਬਦਿ ਨ ਭੀਜੈ ਸਾਕਤਾ ਦੁਰਮਤਿ ਆਵਨੁ ਜਾਨੁ॥" (ਪੰਨਾ-21)

"ਬਿਨੁ ਸਬਦੈ ਅੰਤਰਿ ਆਨੇਰਾ॥
ਨ ਵਸਤੁ ਲਹੈ ਨ ਚੂਕੈ ਫੇਰਾ॥" (ਪੰਨਾ-124)

"ਬਿਨੁ ਗੁਰ ਸਬਦ ਨ ਛੂਟਹੀ ਭ੍ਰਮਿ ਆਵਹਿ ਜਾਵਹਿ॥" (ਪੰਨਾ-419)

"ਸਤਿਗੁਰੁ ਜਿਨਾ ਨ ਸੇਵਿਓ ਸਬਦਿ ਨ ਲਗੋ ਪਿਆਰੁ॥ .......
ਫਿਰਿ ਫਿਰਿ ਜੂਨੀ ਪਾਈਐ ਵਿਸਟਾ ਸਦਾ ਖੁਆਰੁ॥" (ਪੰਨਾ-512)

"ਸਾਧਸੰਗਤਿ ਗੁਰ ਸਬਦ ਵਿਣੁ
ਲਖ ਚਉਰਾਸੀਹ ਜੂਨਿ ਭਵਾਵੈ।" (ਵਾ.ਭਾ.ਗੁ.-5/18)

ਭਾਵੇਂ ਕੋਈ ਅਨੇਕਾਂ ਧਾਰਮਿਕ-ਸਾਧਨ ਅਪਨਾਉਂਦਾ ਫਿਰੇ, ਪਰ ਸਬਦ ਦੀ ਕਮਾਈ ਤੋਂ ਬਗੈਰ 'ਜਮ', 'ਕਾਲ' ਜਾਂ 'ਮੌਤ' ਦਾ ਸੰਤਾਪ ਤੇ ਡਰ ਮਨ ਵਿਚੋਂ ਨਹੀਂ ਨਿਕਲ ਸਕਦਾ।

"ਜਮ ਮਗਿ ਬਾਧਾ ਖਾਹਿ ਚੋਟਾ ਸਬਦ ਬਿਨੁ ਬੇਤਾਲਿਆ॥" (ਪੰਨਾ-439)

"ਬਿਨੁ ਸਬਦੈ ਭੈ ਰਤਿਆ ਸਭ ਜੋਹੀ ਜਮਕਾਲਿ ਜੀਉ॥" (ਪੰਨਾ-751)

"ਜੋਗੀ ਕਾਪੜੀਆ ਸਿਰ ਖੂਥੇ ਬਿਨੁ ਸਬਦੈ ਗਲਿ ਫਾਸੀ॥" (ਪੰਨਾ-1332)

"ਜਬ ਲਗੁ ਸਬਦ ਭੇਦੁ ਨਹੀ ਆਇਆ
ਤਬ ਲਗੁ ਕਾਲੁ ਸੰਤਾਏ॥" (ਪੰਨਾ-1126)

'ਸਬਦ' ਤੋਂ ਬਗੈਰ, ਮਨੁੱਖ ਅੰਦਰੋਂ , ਬਾਹਰੋਂ ਅਉਗੁਣਾਂ, ਪਾਪਾਂ, ਭੈੜੇ ਕਰਮਾਂ ਅਤੇ ਤ੍ਰਿਸ਼ਨਾ ਕਾਰਣ, ਤਪ-ਤਪ ਕੇ ਖਪਦਾ ਰਹਿੰਦਾ ਹੈ। ਇਹਨਾਂ ਵਿਕਾਰਾਂ ਕਰਕੇ ਉਹ ਸਚੇ ਮਾਰਗ ਤੋਂ ਭਟਕ ਜਾਂਦਾ ਹੈ।

"ਮਨਮੁਖਿ ਅੰਧਾ ਤਪਿ ਤਪਿ ਖਪੈ ਬਿਨੁ ਸਬਦੈ ਸਾਂਤਿ ਨ ਆਈ॥" (ਪੰ.-571)

"ਗੁਰ ਕਾ ਸਬਦੁ ਵਿਸਾਰਿਆ ਦੂਜੈ ਭਾਇ ਰਚੰਨਿ॥
ਤਿਸਨਾ ਭੁਖ ਨ ਉਤਰੈ ਅਨਦਿਨੁ ਜਲਤ ਫਿਰੰਨਿ॥" (ਪੰਨਾ-755)

"ਰੰਗਿ ਨ ਰਾਤਾ ਰਸਿ ਨਹੀ ਮਾਤਾ॥
ਬਿਨੁ ਗੁਰ ਸਬਦੈ ਜਲਿ ਬਲਿ ਤਾਤਾ॥" (ਪੰਨਾ-945)

"ਬਿਨੁ ਸਬਦੈ ਜਗੁ ਭੁਲਦਾ ਫਿਰਦਾ ਦਰਗਹ ਮਿਲੈ ਸਜਾਇ॥" (ਪੰ.-600)

'ਸਬਦੁ' ਦੇ ਪ੍ਰਕਾਸ਼ ਤੋਂ ਬਿਨਾਂ ਜੀਵਨ ਵਿਚ ਅੰਧ-ਗੁਬਾਰ ਅਥਵਾ ਭਰਮ ਛਾਇਆ ਰਹਿੰਦਾ ਹੈ, ਅਤੇ ਬੁਧੀ ਬਿਬੇਕਹੀਨ ਹੋ ਜਾਂਦੀ ਹੈ ਅਤੇ ਉਸ ਨੂੰ ਮਾੜੇ-ਚੰਗੇ, ਬਿਖ-ਅੰਮ੍ਰਿਤ

ਦੀ ਪਹਿਚਾਨ ਨਹੀਂ ਰਹਿੰਦੀ।

"ਬਾਝੁ ਗੁਰੂ ਗੁਬਾਰੁ ਹੈ ਬਿਨੁ ਸਬਦੈ ਬੂਝ ਨ ਪਾਇ॥" (ਪੰਨਾ-55)

'ਬਿਨੁ ਸਬਦੈ ਅੰਤਰਿ ਆਨੇਰਾ॥
ਨ ਵਸਤੁ ਲਹੈ ਨ ਚੂਕੈ ਫੇਰਾ॥" (ਪੰਨਾ-124)

"ਬਿਨੁ ਸਬਦੈ ਸਭੁ ਅੰਧ ਅੰਧੇਰਾ ਗੁਰਮੁਖਿ ਕਿਸਹਿ ਬੁਝਾਇਦਾ॥" (ਪੰ.-1065)

"ਬਿਨੁ ਸਬਦੈ ਜਗਿ ਆਨ੍ਹੇਰੁ ਹੈ ਸਬਦੇ ਪਰਗਟੁ ਹੋਇ॥" (ਪੰਨਾ-1250)

'ਸਬਦੁ' ਦੇ 'ਅਨੁਭਵੀ ਪ੍ਰਕਾਸ਼' ਤੋਂ ਬਗੈਰ, ਮਾਇਕੀ ਅੰਧ-ਗੁਬਾਰ, ਭਰਮ ਤੇ ਦੁਬਿਧਾ ਉਪਜਦੀ ਹੈ, ਜਿਸ ਕਾਰਣ ਮਨੁੱਖ ਦੁਨਿਆਵੀ ਰਸਾਂ, ਕਸਾਂ ਵਿਚ ਫਸਿਆ ਰਹਿੰਦਾ ਹੈ।

"ਸਬਦੁ ਵਿਸਾਰਨਿ ਤਿਨਾ ਠਉਰੁ ਨ ਠਾਉ॥
ਭ੍ਰਮਿ ਭੂਲੇ ਜਿਉ ਸੁੰਞੈ ਘਰਿ ਕਾਉ॥" (ਪੰਨਾ-123)

"ਮਨਮੁਖ ਭੂਲੇ ਬਿਖੁ ਲਗੇ ਅਹਿਲਾ ਜਨਮੁ ਗਵਾਇਆ॥
ਹਰਿ ਕਾ ਨਾਮੁ ਸਦਾ ਸੁਖ ਸਾਗਰੁ ਸਾਚਾ ਸਬਦੁ ਨ ਭਾਇਆ॥" (ਪੰਨਾ-565)

'ਸਬਦੁ' ਦੇ ਅਨੁਭਵੀ ਪ੍ਰਕਾਸ਼ ਤੋਂ ਬਗੈਰ, ਸਤਿਗੁਰ ਦੀ ਸ਼ਰਧਾ-ਭਾਵਨੀ ਯਾ ਪ੍ਰਤੀਤ ਨਹੀਂ ਆਉਂਦੀ, ਅਤੇ ਮਨੁੱਖੀ ਬੁਧੀ, ਈਰਖਾ ਦਵੈਤ ਦੀ ਭਾਵਨਾ ਵਿਚ ਗਲਤਾਨ ਹੋ ਜਾਂਦੀ ਹੈ, ਤੇ ਇਸ ਤਰ੍ਹਾਂ ਮਾਨਸਿਕ ਤਨਾਉ ਬਣਿਆ ਰਹਿੰਦਾ ਹੈ।

"ਸਤਿਗੁਰ ਕੀ ਪਰਤੀਤਿ ਨ ਆਈਆ ਸਬਦਿ ਨ ਲਾਗੋ ਭਾਉ॥" (ਪੰਨਾ-591)

"ਸਬਦੈ ਸਾਦੁ ਨ ਆਇਓ ਸਚਿ ਨ ਲਗੋ ਭਾਉ॥
ਸਤਿਗੁਰੁ ਪਿਆਰਾ ਨ ਲਗਈ ਮਨਹਠਿ ਆਵੈ ਜਾਇ॥" (ਪੰਨਾ-1246)

ਬਿਨੁ ਸਬਦੈ ਸਭਿ ਦੂਜੈ ਲਾਗੇ ਦੇਖਹੁ ਰਿਦੈ ਬੀਚਾਰਿ॥" (ਪੰਨਾ-942)

'ਸਬਦੁ' ਦੇ ਪ੍ਰਕਾਸ਼ ਤੋਂ ਬਿਨਾਂ, ਨਾਮ ਦਾ ਰਸ ਨਹੀਂ ਆਉਂਦਾ, ਅਤੇ ਹਿਰਦਾ ਆਤਮਿਕ ਅਨੰਦ ਤੋਂ ਵਾਂਝਾ ਰਹਿੰਦਾ ਹੈ।

"ਬਿਨੁ ਸਬਦੈ ਰਸੁ ਨ ਆਵੈ ਅਉਧੂ ਹਉਮੈ ਪਿਆਸ ਨ ਜਾਈ॥" (ਪੰ.-945)

"ਰੰਗਿ ਨ ਰਾਤਾ ਰਸਿ ਨਹੀ ਮਾਤਾ॥
ਬਿਨੁ ਗੁਰ ਸਬਦੈ ਜਲਿ ਬਲਿ ਤਾਤਾ॥ (ਪੰਨਾ-945)

'ਸਬਦੇ ਹੀ ਨਾਉ ਊਪਜੈ' ਅਨੁਸਾਰ, ਸਬਦ ਤੋਂ ਹੀ ਨਾਮ ਉਪਜਦਾ ਹੈ। ਦੂਜੇ ਲਫ਼ਜ਼ਾਂ ਵਿਚ, ਸਬਦੁ ਦੀ ਵੀਚਾਰ ਤੇ ਕਮਾਈ ਬਗੈਰ, ਨਾਮ ਦੀ ਪ੍ਰਾਪਤੀ ਨਹੀਂ ਹੋ ਸਕਦੀ। ਸਬਦ ਦਾ ਸਵਾਦ ਚੱਖਣ ਤੋਂ ਬਗੈਰ, ਜੀਵ ਦਾ ਜੀਵਨ ਫਿਕਾ ਹੋ ਜਾਂਦਾ ਹੈ ਅਤੇ ਭਗਤੀ ਥਾਇ ਨਹੀਂ ਪੈਂਦੀ।

"ਬਿਨੁ ਸਬਦੈ ਨਾਮੁ ਨ ਪਾਏ ਕੋਈ ਗੁਰ ਕਿਰਪਾ ਮੰਨਿ ਵਸਾਵਣਿਆ॥"
(ਪੰਨਾ-124)

"ਸਬਦੈ ਸਾਦੁ ਨ ਆਇਓ ਨਾਮਿ ਨ ਲਗੋ ਪਿਆਰੁ॥"
"ਰਸਨਾ ਫਿਕਾ ਬੋਲਣਾ ਨਿਤ ਨਿਤ ਹੋਇ ਖੁਆਰੁ॥" (ਪੰਨਾ-791)

"ਬਿਨੁ ਪ੍ਰੀਤੀ ਭਗਤਿ ਨ ਹੋਵਈ ਬਿਨੁ ਸਬਦੈ ਥਾਇ ਨ ਪਾਇ॥" (ਪੰ.-67)

'ਸਬਦੁ' ਦੀ ਸੂਝ-ਬੂਝ ਤੋਂ ਬਗੈਰ, ਦੁਨੀਆਂ ਅਗਿਆਨਤਾ ਅਥਵਾ ਭਰਮ ਦੀ ਨੀਂਦ ਵਿਚ ਸੁੱਤੀ ਰਹਿੰਦੀ ਹੈ, ਜਿਸ ਕਾਰਣ ਉਹਨਾਂ ਦਾ ਅਮੋਲਕ-ਜੀਵਨ ਅਜਾਈਂ ਜਾਂਦਾ ਹੈ।

"ਜਗੁ ਸੂਤਾ ਮਰਿ ਆਵੈ ਜਾਇ॥
ਬਿਨੁ ਗੁਰ ਸਬਦੁ ਨ ਸੋਝੀ ਪਾਇ॥" (ਪੰਨਾ-904)

"ਦੂਜੈ ਭਾਇ ਮੁਠੀ ਜੀਉ ਬਿਨੁ ਗੁਰ ਸਬਦ ਕਰਾਰੇ॥" (ਪੰਨਾ-244)

ਬਹੁਤ ਸਾਰੇ ਲੋਕ ਸ਼ਾਂਤੀ ਅਤੇ ਆਤਮਿਕ-ਤਰੱਕੀ ਲਈ ਅਨੇਕਾਂ ਧਰਮ-ਕਰਮ ਕਰਦੇ ਹਨ, ਪਰ 'ਸਬਦ' ਤੋਂ ਬਿਨਾਂ ਇਹ ਸਾਰੀ ਘਾਲਨਾ ਵਿਅਰਥ ਜਾਂਦੀ ਹੈ, ਅਤੇ ਉਹਨਾਂ ਦਾ ਕੋਈ ਕਾਰਜ ਨਹੀਂ ਸੰਵਰਦਾ।

"ਸਤਗੁਰੁ ਪੁਰਖੁ ਨ ਮੰਨਿਓ ਸਬਦਿ ਨ ਲਗੋ ਪਿਆਰੁ॥
ਇਸਨਾਨੁ ਦਾਨੁ ਜੇਤਾ ਕਰਹਿ ਦੂਜੈ ਭਾਇ ਖੁਆਰੁ॥ " (ਪੰਨਾ-34)

"ਬਿਨੁ ਗੁਰ ਸਬਦ ਨ ਸਵਰਸਿ ਕਾਜਾ॥" (ਪੰਨਾ-225)

"ਸਦਾ ਕਾਰਜੁ ਸਚਿ ਨਾਮਿ ਸੁਹੇਲਾ ਬਿਨੁ ਸਬਦੈ ਕਾਰਜੁ ਕੇਹਾ ਹੇ॥"
(ਪੰ.-1058)

ਹਰ ਮਨੁਖ ਸ਼ਾਂਤੀਪੂਰਵਕ ਸਫਲ ਜੀਵਨ ਬਿਤਾਉਣਾ ਚਾਹੁੰਦਾ ਹੈ, ਜਿਸ ਲਈ ਉਹ ਅਨੇਕਾਂ ਸੰਸਾਰਕ ਤੇ ਪ੍ਰਮਾਰਥਕ ਘਾਲਨਾ ਕਰਦਾ ਹੈ। ਪਰ, ਸਬਦ ਤੋਂ ਬਿਨਾਂ, ਮਨ ਦਾ ਟਿਕਾਉ ਯਾ ਸ਼ਾਂਤੀ ਨਹੀਂ ਮਿਲਦੀ ਅਤੇ ਮਨੁੱਖ ਆਪਣਾ ਹਲਤ-ਪਲਤ ਗਵਾ ਕੇ ਅੰਤ ਨੂੰ ਭਸਮੈ ਕੀ ਢੇਰੀ ਹੋ ਜਾਂਦਾ ਹੈ।

"ਬਿਨੁ ਗੁਰ ਸਬਦੈ ਮਨੁ ਨਹੀ ਠਉਰਾ॥" (ਪੰਨਾ-415)

"ਮਨਮੁਖਿ ਅੰਧਾ ਤਪਿ ਤਪਿ ਖਪੈ ਬਿਨੁ ਸਬਦੈ ਸਾਂਤਿ ਨ ਆਈ॥" (ਪੰ.-571)

"ਸਬਦੁ ਵਿਸਾਰਨਿ ਤਿਨਾ ਠਉਰੁ ਨ ਠਾਉ॥......
ਹਲਤੁ ਪਲਤੁ ਤਿਨੀ ਦੋਵੈ ਗਵਾਏ ਦੁਖੇ ਦੁਖਿ ਵਿਹਾਵਣਿਆ॥" (ਪੰਨਾ-123)

"ਬਿਨੁ ਸਬਦੈ ਭਸਮੈ ਕੀ ਢੇਰੀ ਖੇਹੂ ਖੇਹ ਰਲਾਇਦਾ॥" (ਪੰਨਾ-1059)

'ਸਬਦੁ' ਦੀ 'ਟੇਕ' ਤੋਂ ਬਿਨਾਂ, ਵਿਕਾਰਾਂ ਤੇ ਮਾਇਕੀ ਬੰਧਨਾਂ ਤੋਂ ਮੁਕਤੀ ਨਹੀਂ ਮਿਲ ਸਕਦੀ।

"ਲਖ ਚਉਰਾਸੀਹ ਫੇਰੁ ਪਇਆ ਬਿਨੁ ਸਬਦੈ ਮੁਕਤਿ ਨ ਪਾਏ॥" (ਪੰਨਾ-67)

"ਬਿਨੁ ਗੁਰ ਸਬਦ ਨ ਛੂਟੀਐ ਦੇਖਹੁ ਵੀਚਾਰਾ॥" (ਪੰਨਾ-229)

"ਸਾਚ ਸਬਦ ਬਿਨੁ ਮੁਕਤਿ ਨ ਕੋਇ॥" (ਪੰਨਾ-938)

"ਬਿਨੁ ਗੁਰ ਸਬਦੈ ਮੁਕਤਿ ਨ ਹੋਈ ਪਰਪੰਚੁ ਕਰਿ ਭਰਮਾਈ ਹੇ॥" (ਪੰ.-1024)

"ਬਿਨੁ ਗੁਰ ਸਬਦ ਮੁਕਤਿ ਨਹੀ ਕਬਹੀ ਅੰਧੁਲੇ ਧੰਧੁ ਪਸਾਰਾ॥" (ਪੰ.-1127)

"ਸਬਦਿ ਮਰੈ ਸੋਈ ਜਨੁ ਸਿਝੈ ਬਿਨੁ ਸਬਦੈ ਮੁਕਤਿ ਨ ਹੋਈ॥" (ਪੰਨਾ-1416)

'ਹਉਮੈ' 'ਦੀਰਘ' ਰੋਗ ਹੈ, ਇਸ ਹਉਮੈ ਦੇ ਭਰਮ ਵਿਚ ਹੀ ਜੀਵ 'ਮੈ-ਮੇਰੀ' ਵਿਚ ਫਸ ਕੇ ਅਨੇਕਾਂ ਦੁਖ ਕਲੇਸ਼ ਸਹੇੜ ਲੈਂਦਾ ਹੈ। ਭਾਵੇਂ ਮਨੁੱਖ ਇਸ ਹਉਮੈ ਦੇ 'ਕੰਡੇ' ਨੂੰ ਕੱਢਣ ਲਈ, ਅਨੇਕਾਂ ਧਾਰਮਿਕ ਕਰਮ-ਕਾਂਡ ਕਰਦਾ ਹੈ, ਪਰ ਸਬਦੁ ਤੋਂ ਬੇਮੁਖ ਹੋ ਕੇ, ਇਹ 'ਦੀਰਘ-ਹਉਮੈ-ਰੋਗ' ਹਰਗਿਜ਼ ਦੂਰ ਨਹੀਂ ਹੋ ਸਕਦਾ।

"ਹਉ ਹਉ ਕਰਦੀ ਸਭ ਫਿਰੈ ਬਿਨੁ ਸਬਦੈ ਹਉ ਨ ਜਾਇ॥" (ਪੰਨਾ-426)

"ਏਹਾ ਕਾਇਆ ਰੋਗਿ ਭਰੀ ਬਿਨੁ ਸਬਦੈ ਦੁਖੁ ਹਉਮੈ ਰੋਗੁ ਨ ਜਾਇ॥" (ਪੰ.-588)

"ਬਿਨੁ ਸਬਦੈ ਹਉਮੈ ਕਿਨੈ ਨ ਮਾਰੀ॥" (ਪੰਨਾ-1067)

'ਸਬਦ' ਦੇ 'ਜਹਾਜ਼' ਵਿਚ 'ਸੁਰਤ' ਹੀ ਬੈਠ ਸਕਦੀ ਹੈ। ਇਸ 'ਜਹਾਜ਼' ਤੇ ਚੜ੍ਹੇ ਤੋਂ ਬਿਨਾਂ, ਭਵਸਾਗਰ ਨਹੀਂ ਤਰਿਆ ਜਾਂਦਾ।

"ਬਿਨੁ ਸਬਦ ਪਿਆਰੇ ਕਉਣੁ ਦੁਤਰੁ ਤਾਰੇ ਮਾਇਆ ਮੋਹਿ ਖੁਆਈ॥" (ਪੰ.-244)

"ਬਿਨੁ ਸਬਦੇ ਪਾਰੁ ਨ ਪਾਏ ਕੋਈ॥" (ਪੰਨਾ-1068)

"ਭਵਜਲੁ ਬਿਨੁ ਸਬਦੈ ਕਿਉ ਤਰੀਐ॥" (ਪੰਨਾ-1125)

'ਸਬਦੁ' ਦੇ ਅਨੁਭਵ ਪ੍ਰਕਾਸ਼ ਦੁਆਰਾ ਹੀ 'ਤੱਤ-ਗਿਆਨ' ਦੀ ਪ੍ਰਾਪਤੀ ਹੁੰਦੀ ਹੈ। ਸਬਦੁ ਤੋਂ ਬਗੈਰ, ਹੋਰ ਕਚੀਆਂ ਦਿਮਾਗੀ ਫਿਲੌਸਫੀਆਂ ਦੀ ਫੋਕੀ ਕਥਨੀ ਬਦਨੀ

ਵਿਅਰਥ ਹੈ।

"ਸਬਦੁ ਨ ਚੀਨੈ ਕਥਨੀ ਬਦਨੀ ਕਰੇ ਬਿਖਿਆ ਮਾਹਿ ਸਮਾਨੁ॥ (ਪੰ.-39)

"ਸਿੰਮ੍ਰਿਤਿ ਸਾਸਤ੍ਰ ਪੜਹਿ ਮੁਨਿ ਕੇਤੇ ਬਿਨੁ ਸਬਦੈ ਸੁਰਤਿ ਨ ਪਾਈ॥"
(ਪੰਨਾ-1130)

ਮਨ ਦੀ 'ਮੈਲ' ਲਾਹੁਣ ਲਈ ਅਨੇਕਾਂ ਤੀਰਥਾਂ ਦੇ ਇਸਨਾਨ ਅਤੇ ਧਰਮ ਕਰਮ ਕੀਤੇ ਜਾਂਦੇ ਹਨ, ਪਰ ਸਬਦੁ ਦੀ ਅੰਤਰਮੁਖੀ ਕਮਾਈ ਤੋਂ ਬਗੈਰ ਮਨ ਦੀ ਮੈਲ ਨਹੀਂ ਉਤਰਦੀ।

"ਬਿਨੁ ਸਬਦੈ ਮੈਲੁ ਨ ਉਤਰੈ ਮਰਿ ਜੰਮਹਿ ਹੋਇ ਖੁਆਰੁ॥" (ਪੰਨਾ-29)

"ਮਨਮੁਖ ਮੈਲੁ ਨ ਉਤਰੈ ਜਿਚਰੁ ਗੁਰ ਸਬਦਿ ਨ ਕਰੇ ਪਿਆਰੁ॥" (ਪੰ.-37)

"ਬਿਨੁ ਸਬਦੈ ਨਹੀ ਉਤਰੈ ਮੈਲੁ॥" (ਪੰਨਾ-832)

'ਸਬਦ-ਸੁਰਤਿ' ਦੇ ਮੇਲ ਤੋਂ ਬਗੈਰ ਅਸੀਂ ਆਤਮਿਕ ਤੌਰ ਤੇ 'ਅੰਨ੍ਹੇ ਬੋਲੇ' ਹਾਂ, ਅਤੇ ਮਾਇਆ ਦੀਆਂ ਠੋਕਰਾਂ ਖਾ ਖਾ ਕੇ ਦੁਖੀ ਹੁੰਦੇ ਹਾਂ।

"ਬਿਨੁ ਸਬਦੈ ਆਪੁ ਨ ਜਾਪਈ ਸਭ ਅੰਧੀ ਭਾਈ॥" (ਪੰਨਾ-426)

"ਬਿਨੁ ਸਬਦੈ ਸੁਣੀਐ ਨ ਦੇਖੀਐ ਜਗੁ ਬੋਲਾ ਅੰਨ੍ਹਾ ਭਰਮਾਇ॥" (ਪੰ.-429)

"ਸਬਦੁ ਨ ਜਾਣਹਿ ਸੇ ਅੰਨੇ ਬੋਲੇ ਸੇ ਕਿਤੁ ਆਏ ਸੰਸਾਰਾ॥" (ਪੰਨਾ-601)

"ਮਾਇਆਧਾਰੀ ਅਤਿ ਅੰਨਾ ਬੋਲਾ॥
ਸਬਦੁ ਨ ਸੁਣਈ ਬਹੁ ਰੋਲ ਘਚੋਲਾ॥" (ਪੰਨਾ-313)

'ਸਬਦੁ ਤੋਂ ਬਿਨਾਂ, ਹੀਰੇ ਜੈਸਾ ਜਨਮ, ਕੌਡੀ ਬਦਲੇ ਅਜਾਈਂ ਜਾਂਦਾ ਹੈ।

'ਸਚਾ ਸਬਦੁ ਨ ਪਛਾਣਿਓ ਸੁਪਨਾ ਗਇਆ ਵਿਹਾਇ॥
ਸੁੰਞੈ ਘਰ ਕਾ ਪਾਹੁਣਾ ਜਿਉ ਆਇਆ ਤਿਉ ਜਾਇ॥" (ਪੰਨਾ-34)

"ਬਿਨੁ ਸਬਦੈ ਸਭੁ ਜਗੁ ਬਉਰਾਨਾ ਬਿਰਥਾ ਜਨਮੁ ਗਵਾਇਆ॥" (ਪੰ.-644)

"ਸਾਧ-ਸੰਗਤ' ਵਿਚ ਸਬਦ ਦੀ ਅਟੁਟ ਕਮਾਈ ਤੋਂ ਬਗੈਰ, ਆਤਮਿਕ 'ਅਡੋਲਤਾ' ਪ੍ਰਾਪਤ ਨਹੀਂ ਹੁੰਦੀ।

"ਬਿਨੁ ਸਬਦੈ ਥਿਰੁ ਕੋ ਨਹੀ ਬੂਝੈ ਸੁਖੁ ਹੋਈ॥" (ਪੰਨਾ-228)

"ਸਾਧ ਸੰਗਤਿ ਗੁਰ ਸਬਦੁ ਵਿਣੁ ਥਾਉ ਨ ਪਾਇਨਿ ਭਲੇ ਭਲੇਰੇ।" (ਵਾ.ਭਾ.ਗੁ.)

ਸਤਿਗੁਰਾਂ ਨੇ ਮਨੁੱਖ ਨੂੰ ਬਾਰ-ਬਾਰ ਇਹ ਦ੍ਰਿੜਾਇਆ ਹੈ ਕਿ 'ਮਨ ਤੂੰ ਜੋਤਿ ਸਰੂਪ ਹੈ ਆਪਣਾ ਮੂਲੁ ਪਛਾਣੁ॥' ਪਰ ਆਪਣਾ 'ਆਪਾ' ਗੁਰ-ਸਬਦ ਤੇ ਸਾਧ ਸੰਗਤਿ ਬਿਨਾਂ ਪਛਾਣਿਆ ਨਹੀਂ ਜਾ ਸਕਦਾ।

"ਬਿਨੁ ਸਬਦੈ ਆਪੁ ਨ ਜਾਪਈ ਸਭ ਅੰਧੀ ਭਾਈ॥" (ਪੰਨਾ-426)

ਬਿਨੁ ਗੁਰ ਸਬਦ ਨ ਆਪੁ ਪਛਾਣੈ ਬਿਨੁ ਹਰਿ ਨਾਮ ਨ ਕਾਲੁ ਟਰੇ॥" (ਪੰਨਾ-1014)

"ਬੇਦ ਪੜਹਿ ਪੜਿ ਬਾਦੁ ਵਖਾਣਹਿ॥
"ਘਟ ਮਹਿ ਬ੍ਰਹਮੁ ਤਿਸੁ ਸਬਦਿ ਨ ਪਛਾਣਹਿ॥" (ਪੰਨਾ-1058)

'ਸਾਧ-ਸੰਗਤਿ' ਵਿਚ ਸਬਦ ਦੀ ਕਮਾਈ ਤੋਂ ਬਗੈਰ, ਪ੍ਰਭੂ ਦੀ ਦਰਗਾਹ ਵਿਚ 'ਮਾਣ' ਨਹੀਂ ਮਿਲਦਾ, ਬਲਕਿ ਸਜ਼ਾ ਮਿਲਦੀ ਹੈ।

"ਜਬ ਲਗੁ ਸਬਦਿ ਨ ਭੇਦੀਐ ਕਿਉ ਸੋਹੈ ਗੁਰਦੁਆਰਿ॥" (ਪੰਨਾ-19)

"ਸਬਦੁ ਨ ਚੀਨੈ ਸਦਾ ਦੁਖੁ ਹਰਿ ਦਰਗਹ ਪਤਿ ਖੋਇ॥" (ਪੰਨਾ-29)

"ਮਨਮੁਖ ਸਬਦੁ ਨ ਜਾਣਨੀ ਜਾਸਨਿ ਪਤਿ ਗਵਾਇ॥" (ਪੰਨਾ-33)

"ਬਿਨੁ ਸਬਦੈ ਜਗੁ ਭੁਲਦਾ ਫਿਰਦਾ ਦਰਗਹ ਮਿਲੈ ਸਜਾਇ॥" (ਪੰ.-600)

"ਸਾਚ ਸਬਦ ਬਿਨੁ ਪਤਿ ਨਹੀ ਪਾਵੈ॥" (ਪੰਨਾ-941)

ਪ੍ਰਭੂ ਆਪ 'ਪ੍ਰੇਮ-ਸਰੂਪ' ਹੈ, ਉਸ ਦਾ 'ਸਬਦ' ਵੀ ਪ੍ਰੇਮ-ਸਰੂਪ ਹੈ। ਇਸ ਲਈ ਸਬਦ ਤੋਂ ਬਿਨਾਂ, 'ਨਾਮ' ਨਾਲ ਪਿਆਰ ਨਹੀਂ ਪੈਂਦਾ ਅਤੇ ਸਾਰੇ ਧਰਮ-ਕਰਮ ਫੋਕੇ, ਬੱਧਾ-ਚੱਟੀ ਤੇ ਦਿਖਾਵੇ ਮਾਤਰ ਰਸਮੀ-ਰਟਨ ਹੀ ਹੁੰਦੇ ਹਨ।

"ਗਣਤੈ ਸੇਵ ਨ ਹੋਵਈ ਕੀਤਾ ਥਾਇ ਨ ਪਾਇ॥
ਸਬਦੈ ਸਾਦੁ ਨ ਆਇਓ ਸਚਿ ਨ ਲਗੋ ਭਾਉ॥" (ਪੰਨਾ-1246)

"ਸਬਦੈ ਸਾਦੁ ਨ ਆਵਈ ਨਾਮਿ ਨ ਲਗੈ ਪਿਆਰੁ॥" (ਪੰਨਾ-1247)

'ਸਬਦ-ਸੁਰਤਿ' ਦੀ ਕਮਾਈ ਤੋਂ ਬਗੈਰ, ਉੱਚਾ-ਸੁੱਚਾ ਆਚਰਣ ਨਹੀਂ ਬਣ ਸਕਦਾ, ਅਤੇ ਨਾ ਹੀ 'ਸਚੇ-ਮਹਲ' ਦੀ ਪਛਾਣ ਹੋ ਸਕਦੀ ਹੈ।

"ਬਿਨੁ ਸਬਦੈ ਆਚਾਰੁ ਨ ਕਿਨ ਹੀ ਪਾਇਆ॥" (ਪੰਨਾ-1285)

"ਸਾਚ ਸਬਦ ਬਿਨੁ ਮਹਲੁ ਨ ਪਛਾਣੈ॥" (ਪੰਨਾ-414)

'ਗੁਰ ਸਬਦ' ਦੀ ਕਮਾਈ ਤੋਂ ਬਗੈਰ, ਪ੍ਰਭੂ ਨਾਲ ਮਿਲਾਪ ਨਹੀਂ ਹੋ ਸਕਦਾ।

"ਬਿਨੁ ਸਬਦੈ ਪਿਰੁ ਨ ਪਾਈਐ ਬਿਰਥਾ ਜਨਮੁ ਗਵਾਇ॥" (ਪੰਨਾ-31)

"ਗੁਰ ਸਬਦੁ ਨ ਮਾਨੈ ਫਾਹੀ ਫਾਥੀ ਸਾ ਧਨ ਮਹਲੁ ਨ ਪਾਏ॥" (ਪੰਨਾ-689)

ਹਾਂ ਜੀ —

ਸਬਦੁ ਦੀ ਸੂਝ ਬਿਨਾ
ਸਬਦੁ ਦੀ ਬੂਝ ਬਿਨਾ
ਸਬਦੁ ਦੀ ਪਹਿਚਾਨ ਬਿਨਾ
ਸਬਦੁ ਦੀ ਵਿਚਾਰ ਬਿਨਾ
ਸਬਦੁ ਦੀ ਕਮਾਈ ਬਿਨਾ
ਸਬਦੁ ਦੀ ਪਿਆਸ ਬਿਨਾ
ਸਬਦੁ ਦੇ ਸਵਾਦ ਬਿਨਾ
ਸਬਦੁ ਵਿਚ ਭਿਜੇ ਬਿਨਾ
ਸਬਦ-ਸੁਰਤ ਦੇ ਮੇਲ ਬਿਨਾ
'ਸਬਦੁ-ਸੁਰਤ-ਲਿਵ' ਬਿਨਾ
ਸਬਦੁ ਦੀ 'ਚੋਟ' ਬਿਨਾ
ਸਬਦੁ ਦੇ 'ਪ੍ਰਕਾਸ਼' ਬਿਨਾ

'ਜੀਵ' ਦੇ —

ਸਭ ਧਰਮ ਕਰਮ ਫੋਕਟ ਹਨ।
ਕਥਨੀ ਬਦਨੀ ਵਿਅਰਥ ਹੈ।
ਜਨਮ ਅਕਾਰਥ ਹੈ।
ਸਦਾ ਦੁਖ ਹੈ।
'ਆਵਾ-ਗਵਨ' ਦੇ ਗੇੜ ਵਿਚ ਭਟਕਦਾ ਹੈ।
'ਭਰਮ-ਭੁਲਾਵਾ' ਹੈ।
'ਮੁਕਤੀ' ਨਹੀਂ।
'ਸ਼ਾਂਤੀ' ਨਹੀਂ।
ਆਤਮਿਕ ਮੌਤ ਹੈ।
ਜਮਾਂ ਦੀ ਸਜ਼ਾ ਹੈ।

ਏਥੇ ਹੀ ਬਸ ਨਹੀਂ, ਸਬਦ ਤੋਂ ਬੇਮੁਖ ਹੋ ਕੇ 'ਜੀਵ' —

ਈਰਖਾ ਦਵੈਤ ਵਿਚ ਸੜਦਾ ਹੈ।
ਫਿਕਾ ਬੋਲਦਾ ਹੈ।
ਭੁਲਦਾ ਫਿਰਦਾ ਹੈ।
ਕ੍ਰੋਧ ਤ੍ਰਿਸਨਾ ਵਿਚ ਤਪ ਤਪ ਕੇ ਖਪਦਾ ਹੈ।

'ਭੂਤਨਾ ਤੇ ਬੇਤਾਲਾ' ਹੈ।
'ਅੰਨ੍ਹਾ-ਬੋਲਾ' ਹੈ।
ਅਉਗੁਣਾਂ ਭਰਪੂਰ ਹੈ।
ਰਸ ਕਸ ਵਿਚ ਗਲਤਾਨ ਰਹਿੰਦਾ ਹੈ।
ਮਨ ਦੀ ਮੈਲ ਨਹੀਂ ਉਤਰਦੀ।
ਭਵਸਾਗਰ ਵਿਚ ਗੋਤੇ ਖਾਂਦਾ ਹੈ।
ਮਾਇਆ ਵਿਚ ਪਲਚ-ਪਲਚ ਕੇ ਖੁਆਰ ਹੁੰਦਾ ਹੈ।
ਝੂਠੇ ਧੰਧੇ-ਮੋਹ ਵਿਚ ਫਸਿਆ ਰਹਿੰਦਾ ਹੈ।
ਵਿਕਾਰਾਂ ਦੇ ਘੁੰਮਣਘੇਰ ਵਿਚ ਫਸ ਜਾਂਦਾ ਹੈ।
ਨਾਮ-ਰਸ ਤੋਂ ਕੋਰਾ ਹੁੰਦਾ ਹੈ।
ਹਿਰਦਾ ਨਹੀਂ ਪਿਘਲਦਾ।
ਪ੍ਰਭੂ ਪ੍ਰੇਮ ਤੋਂ ਵਾਂਝਾ ਰਹਿੰਦਾ ਹੈ।
ਸਤਿਗੁਰ ਤੇ ਪ੍ਰਤੀਤ ਨਹੀਂ ਆਉਂਦੀ।
ਹਉਮੈ ਦਾ ਰੋਗੀ ਹੈ।
ਮੈਂ-ਮੇਰੀ ਵਿਚ ਦੁਖੀ ਹੁੰਦਾ ਹੈ।
ਆਚਰਣ ਹੀਣ ਹੈ।
ਅੰਧੇਰ-ਖਾਤੇ ਵਿਚ ਜੀਵਨ ਬਤੀਤ ਕਰਦਾ ਹੈ।
ਆਪਣਾ-ਆਪ ਨਹੀਂ ਪਛਾਣ ਸਕਦਾ।
ਨਿਜ ਘਰ ਮਹਲ ਵਿਚ ਵਾਸਾ ਨਹੀਂ ਹੋ ਸਕਦਾ।
ਆਤਮਿਕ ਅਨੰਦ ਤੇ ਖੇੜੇ ਤੋਂ ਵਾਂਝਾ ਹੈ।
ਪ੍ਰਭੂ ਮਿਲਾਪ ਤੋਂ ਵਾਂਝਾ ਰਹਿੰਦਾ ਹੈ।
ਹਲਤ-ਪਲਤ ਗਵਾ ਬੈਠਦਾ ਹੈ।
ਜਮਾਂ ਦੇ ਵਸ ਪੈਂਦਾ ਹੈ।
ਜਮਾਂ ਦੀ ਮਾਰ ਖਾਂਦਾ ਹੈ।
ਆਵਾਗਵਨ ਦੇ ਗੇੜ ਵਿਚ ਪਿਆ ਰਹਿੰਦਾ ਹੈ।

(.....ਚਲਦਾ)